1 ਸੰਖਿਆਵਾਂ

ਉਦੇਸ਼

- ਕਰੰਸੀ ਨੋਟਾਂ, ਗਿਣਤਾਰਾ, ਪ੍ਰਯੋਗੀ ਕਿਰਿਆਵਾਂ ਨਾਲ ਇਕਾਈ, ਦਹਾਈ, ਸੈਂਕੜੇ, ਹਜ਼ਾਰ ਦੀ ਸਮਝ ਵਿਕਸਿਤ ਕਰਨਾ।
- ਤਿੰਨ ਅੰਕੀ ਸੰਖਿਆਵਾਂ ਨੂੰ ਪੜ੍ਹਨਾ, ਲਿਖਣਾ, ਤਿੰਨ ਅੰਕੀ ਸੰਖਿਆਵਾਂ ਨੂੰ ਸ਼ਬਦਾਂ ਵਿੱਚ ਲਿਖਣਾ, ਬਿਲਕੁਲ ਪਹਿਲਾਂ, ਬਿਲਕੁਲ ਬਾਅਦ ਅਤੇ ਵਿਚਕਾਰ ਦੀ ਸਮਝ।
- ਸਥਾਨਕ ਮੁੱਲ, ਵਿਸਤ੍ਰਿਤ ਮੁੱਲ, ਤੁਲਨਾ, ਵੱਧਦਾ ਕ੍ਰਮ ਅਤੇ ਘੱਟਦਾ ਕ੍ਰਮ ਦੀ ਸਮਝ।

ਕੀ ਤੁਹਾਨੂੰ ਯਾਦ ਹੈ?

1. ਖਾਲੀ ਥਾਵਾਂ ਵਿੱਚ ਗਿਣਤੀ ਪੂਰੀ ਕਰੋ-

57			60	61				65
	67					72		
		77						83
				88				92

2. ਦਿੱਤੀਆਂ ਸੰਖਿਆਵਾਂ ਨੂੰ ਸ਼ਬਦਾਂ ਵਿੱਚ ਲਿਖੋ-



3. ਵਿਸਤ੍ਰਿਤ ਰੂਪ ਲਿਖੋ-

32 = ____ + ____

89 = ____ + ____

4. ਚੱਕਰ ਵਾਲੇ ਅੰਕ ਦਾ ਸਥਾਨਕ ਮੁੱਲ ਲਿਖੋ-

(5)6 = ________

9(4) = ________

5. >, < ਜਾਂ = ਦਾ ਨਿਸ਼ਾਨ ਲਗਾਓ।







6. ਸਭ ਤੋਂ ਛੋਟੀ ਸੰਖਿਆ 'ਤੇ ਚੱਕਰ ਲਗਾਓ।



7. ਸਭ ਤੋਂ ਵੱਡੀ ਸੰਖਿਆ ਤਾਰੇ ਦੇ ਵਿਚਕਾਰ ਲਿਖੋ।



8. ਵੱਧਦੇ ਕ੍ਰਮ ਵਿੱਚ ਲਿਖੋ।

9. ਘੱਟਦੇ ਕ੍ਰਮ ਵਿੱਚ ਲਿਖੋ।

10. ਦਿੱਤੀ ਸੰਖਿਆ ਅਨੁਸਾਰ ਗਿਣਤਾਰੇ ਵਿੱਚ ਮੋਤੀ ਪਾਓ।



11. ਗਿਣਤਾਰੇ ਦੇ ਮੋਤੀ ਗਿਣੋ ਅਤੇ ਸੰਖਿਆ ਲਿਖੋ।



12. ਚਾਰ ਖਾਨਿਆਂ ਦਾ ਮਿਲਾਨ ਕਰਦੇ ਹੋਏ ਇੱਕ ਹੀ ਰੰਗ ਭਰੋ।

17	3 ਦਹਾਈਆਂ + 9 ਇਕਾਈਆਂ	80	ਛੱਬੀ
26	8 ਦਹਾਈਆਂ	30 + 9	ਸਤਾਰਾਂ
39	1 ਦਹਾਈ + 7 ਇਕਾਈਆਂ	90 + 1	ਅੱਸੀ
80	9 ਦਹਾਈਆਂ + 1 ਇਕਾਈਆਂ	20 + 6	ਇਕਾਨਵੇਂ
91	2 ਦਹਾਈਆਂ + 6 ਇਕਾਈਆਂ	10 + 7	ਉਣਤਾਲ਼ੀ

ਆਓ ਸਿੱਖੀਏ

ਸੰਖਿਆਵਾਂ ਦਾ ਸਾਡੀ ਜ਼ਿੰਦਗੀ ਵਿੱਚ ਬਹੁਤ ਵੱਡਾ ਯੋਗਦਾਨ ਹੈ। ਅਸੀਂ ਰੋਜ਼ਾਨਾ ਜ਼ਿੰਦਗੀ ਵਿੱਚ ਸੰਖਿਆਵਾਂ ਦੀ ਵਰਤੋਂ ਕਰਦੇ ਹਾਂ।

ਤਿੰਨ ਅੰਕੀ ਸੰਖਿਆ

ਅਸੀਂ ਜਮਾਤ 2 ਵਿੱਚ ਦੋ ਅੰਕੀ ਸੰਖਿਆਵਾਂ ਬਾਰੇ ਪੜ੍ਹ ਚੁੱਕੇ ਹਾਂ।
ਜਿਵੇਂ ਕਿ 99 ਦੋ ਅੰਕੀ ਸੰਖਿਆ ਹੈ।

ਜੇਕਰ ਸੰਖਿਆ 99 ਵਿੱਚ, ਸੰਖਿਆ 1 ਹੋਰ ਜੋੜ ਦੇਈਏ
ਤਾਂ ਫਿਰ 100 ਤਿੰਨ ਅੰਕਾਂ ਵਾਲੀ ਸੰਖਿਆ ਬਣ ਜਾਵੇਗੀ।

99	+	1	=	100

ਇਸਦਾ ਮਤਲਬ 99 ਦੋ ਅੰਕਾਂ ਦੀ ਆਖਰੀ ਸੰਖਿਆ ਹੈ।

ਹਾਂ, 100 ਤਿੰਨ ਅੰਕੀ ਸਭ ਤੋਂ ਛੋਟੀ ਸੰਖਿਆ ਹੈ।

ਇਸ ਦਾ ਮਤਲਬ ਹੈ, ਜਦੋਂ ਅਸੀਂ ਦੋ ਅੰਕਾਂ ਦੀ ਸਭ ਤੋਂ ਵੱਡੀ ਸੰਖਿਆ ਵਿੱਚ 1 ਜੋੜਦੇ ਹਾਂ
ਤਾਂ ਸਾਨੂੰ ਸਭ ਤੋਂ ਛੋਟੀ ਤਿੰਨ ਅੰਕੀ ਸੰਖਿਆ ਪ੍ਰਾਪਤ ਹੁੰਦੀ ਹੈ।

ਜੇ 100 ਵਸਤੂਆਂ ਵਿੱਚ 1 ਹੋਰ ਵਸਤੂ ਪਾ ਦੇਈਏ ਤਾਂ

100	+	1	=	?

ਚਲੋ ਅੱਜ ਅਸੀਂ ਕਰੰਸੀ ਨੋਟਾਂ, ਗਿਣਤਾਰੇ ਨਾਲ ਅਤੇ ਮਾਨ ਕਾਰਡ ਦੀ
ਵਰਤੋਂ ਨਾਲ ਗਿਣਤੀ ਕਰਾਂਗੇ।



ਮੇਰੇ ਕੋਲ 99 ਰੁਪਏ ਹਨ। ਜੇ ਮੈਂ ਇੱਕ ਹੋਰ ਰੁਪਇਆ ਪਾਵਾਂ ਤਾਂ ਹੁਣ ਕਿੰਨੇ ਰੁਪਏ ਹੋ ਜਾਣਗੇ?

100 ਰੁਪਏ

ਤੁਹਾਨੂੰ ਯਾਦ ਹੋਵੇਗਾ ਕਿ ਦੂਸਰੀ ਜਮਾਤ ਵਿੱਚ 1-1 ਦੇ 10 ਨੋਟਾਂ ਬਦਲੇ ਅਸੀਂ 10 ਰੁਪਏ ਦਾ ਨੋਟ ਚੁੱਕਿਆ ਸੀ ਤੇ ਹੁਣ 10-10 ਦੇ 10 ਨੋਟਾਂ ਬਦਲੇ 100 ਰੁਪਏ ਦਾ 1 ਨੋਟ ਚੁੱਕਾਂਗੇ।

10 ਇਕਾਈਆਂ = 1 ਦਹਾਈ

10 ਦਹਾਈਆਂ = 1 ਸੈਂਕੜਾ

1 ਸੈਂਕੜਾ = 10 ਦਹਾਈਆਂ = 100 ਇਕਾਈਆਂ

ਆਓ ! ਗਿਣਤਾਰੇ ਨਾਲ ਗਿਣਤੀ ਕਰੀਏ।
ਸਾਡੇ ਗਿਣਤਾਰੇ ਦੀ ਹਰ ਇੱਕ ਛੜ ਵਿੱਚ
ਸਿਰਫ਼ ਨੌਂ ਮੋਤੀ ਆਉਂਦੇ ਹਨ।

ਹੁਣ ਕਿਉਂਕਿ ਦਸਵਾਂ ਮੋਤੀ ਇਕਾਈ ਵਾਲੀ ਛੜ ਵਿੱਚ ਨਹੀਂ ਆ ਰਿਹਾ ਸੋ ਅਸੀਂ
ਦਸਵਾਂ ਮੋਤੀ ਇਕਾਈ ਵਾਲੀ ਛੜ ਵਿੱਚ ਪਾਉਣ ਦੀ ਬਜਾਏ ਦਸਾਂ ਮੋਤੀਆਂ ਬਦਲੇ
ਇੱਕ ਮੋਤੀ ਦਹਾਈ ਵਾਲੀ ਛੜ ਵਿੱਚ ਪਾਉਂਦੇ ਹਾਂ।



ਸਾਰੇ ਮੋਤੀ ਕੱਢ ਕੇ 1 ਮੋਤੀ
ਦਹਾਈ ਵਾਲੀ ਥਾਂ 'ਤੇ ਪਾਵਾਂਗੇ

ਇਸ ਤਰਾਂ ਦਹਾਈ ਦੀ ਛੜ ਵਿੱਚ ਦਸਵਾਂ ਮੋਤੀ ਨਾ ਆਉਣ ਤੇ ਦਸਾਂ ਮੋਤੀਆਂ
ਬਦਲੇ ਇੱਕ ਮੋਤੀ ਸੈਂਕੜੇ ਵਾਲੀ ਛੜ ਵਿੱਚ ਪਾਉਂਦੇ ਹਾਂ।



ਇਹ 100 ਸੌ ਦਾ ਮਾਨ ਕਾਰਡ ਹੈ।

1 ਸੈਂਕੜਾ = 100

ਅੱਜ ਅਸੀਂ 100 ਦੇ ਨੋਟਾਂ ਨਾਲ, ਗਿਣਤਾਰੇ ਨਾਲ ਅਤੇ
ਮਾਨ ਕਾਰਡ ਦੀ ਵਰਤੋਂ ਕਰਦੇ ਹੋਏ 1000 ਤੱਕ ਗਿਣਦੇ ਹਾਂ।





100 ਇੱਕ ਸੌ



200 ਦੋ ਸੌ



300

ਤਿੰਨ ਸੌ



400

ਚਾਰ ਸੌ



500

ਪੰਜ ਸੌ



600

ਛੇ ਸੌ



700

ਸੱਤ ਸੌ



800 ਅੱਠ ਸੌ



900 ਨੌਂ ਸੌ

1000 1 ਹਜ਼ਾਰ



1 ਹਜ਼ਾਰ = 10 ਸੈਂਕੜੇ = 100 ਦਹਾਈਆਂ = 1000 ਇਕਾਈਆਂ

101 ਤੋਂ 1000 ਤੱਕ ਗਿਣਨਾ

ਆਓ, ਕਰੰਸੀ ਨੋਟਾਂ, ਗਿਣਤਾਰੇ ਅਤੇ ਮਾਨ ਕਾਰਡ ਨਾਲ ਗਿਣਤੀ ਕਰੀਏ।





100
1
↓
101

ਸੈ.	ਦ.	ਇ.
1	0	1

ਇੱਕ ਸੌ ਇੱਕ



100
9
↓
109

ਸੈ.	ਦ.	ਇ.
1	0	9

ਇੱਕ ਸੌ ਨੌਂ





100
10
↓
110

ਸੈ.	ਦ.	ਇ.
1	1	0

ਇੱਕ ਸੌ ਦਸ



200
40
6
↓
246

ਸੈ.	ਦ.	ਇ.
2	4	6

ਦੋ ਸੌ ਛਿਆਲ਼ੀ



300
60
5
↓
365

ਸੈ.	ਦ.	ਇ.
3	6	5

ਤਿੰਨ ਸੌ ਪੈਂਹਠ



500
1
↓
501

ਸੈ.	ਦ.	ਇ.
5	0	1

ਪੰਜ ਸੌ ਇੱਕ



900
90
9
↓
999

ਸੈ.	ਦ.	ਇ.
9	9	9

ਨੌਂ ਸੌ ਨੜ੍ਹਿੰਨਵੇਂ

ਆਓ ਕਰੀਏ

1. ਗਿਣਤਾਰੇ ਉੱਤੇ ਮੋਤੀਆਂ ਅਨੁਸਾਰ ਸੰਖਿਆਵਾਂ ਨੂੰ ਅੰਕਾਂ ਅਤੇ ਸ਼ਬਦਾਂ ਵਿੱਚ ਲਿਖੋ :-



2. ਦਿੱਤੀ ਸੰਖਿਆ ਅਨੁਸਾਰ ਗਿਣਤਾਰੇ ਵਿੱਚ ਮੋਤੀ ਪਾਓ :-



3. ਕਰੰਸੀ ਨੋਟ ਗਿਣੋ, ਸੰਖਿਆਂ ਨੂੰ ਅੰਕਾਂ ਅਤੇ ਸ਼ਬਦਾਂ ਵਿੱਚ ਲਿਖੋ :-

=

=

=

4. ਦੱਸੇ ਅਨੁਸਾਰ ਗਿਣਤੀ ਲਿਖੋ।



200 ਤੋਂ 299 ਤੱਕ ਗਿਣਤੀ ਲਿਖੋ

200									
									299

300 ਤੋਂ 399 ਤੱਕ ਗਿਣਤੀ ਲਿਖੋ

300									
									399

400 ਤੋਂ 499 ਤੱਕ ਗਿਣਤੀ ਲਿਖੋ

400									
									499

500 ਤੋਂ 599 ਤੱਕ ਗਿਣਤੀ ਲਿਖੋ

500									
									599

600 ਤੋਂ 699 ਤੱਕ ਗਿਣਤੀ ਲਿਖੋ

600									
									699

700 ਤੋਂ 799 ਤੱਕ ਗਿਣਤੀ ਲਿਖੋ

700									
									799

800 ਤੋਂ 899 ਤੱਕ ਗਿਣਤੀ ਲਿਖੋ

800									
									899

900 ਤੋਂ 999 ਤੱਕ ਗਿਣਤੀ ਲਿਖੋ

900									
									999

5. ਦਿੱਤੇ ਅਨੁਸਾਰ ਪੁੱਠੀ ਗਿਣਤੀ ਲਿਖੋ :-

130	227	359	472	501
129				

569	604	715	800	989

700	600	500	400	300

6. ਬਿਲਕੁੱਲ ਬਾਅਦ ਵਾਲੀ ਸੰਖਿਆ ਲਿਖੋ :-

463		398		989	

7. ਬਿਲਕੁੱਲ ਪਹਿਲਾਂ ਵਾਲੀ ਸੰਖਿਆ ਲਿਖੋ :-

	605		865		780

8. ਵਿਚਕਾਰਲੀ ਸੰਖਿਆ ਲਿਖੋ :-

120		122	299		301	559		561

- ਕਿਸੇ ਸੰਖਿਆ ਵਿੱਚ 1 ਜੋੜਨ 'ਤੇ ਅਗੇਤਰ ਸੰਖਿਆ ਪ੍ਰਾਪਤ ਹੁੰਦੀ ਹੈ।
- ਕਿਸੇ ਸੰਖਿਆ ਵਿੱਚੋਂ 1 ਘਟਾਉਣ 'ਤੇ ਪਿਛੇਤਰ ਸੰਖਿਆ ਪ੍ਰਾਪਤ ਹੁੰਦੀ ਹੈ।

ਰੋਜ਼ਾਨਾ ਜ਼ਿੰਦਗੀ ਵਿੱਚ

ਪਿਛਲਾ ਸਾਲ	ਚਲਦਾ ਸਾਲ	ਆਉਣ ਵਾਲਾ ਸਾਲ
	2022	

9. ਦਿੱਤੀਆਂ ਸੰਖਿਆਵਾਂ ਨੂੰ ਸ਼ਬਦਾਂ ਵਿੱਚ ਲਿਖੋ :-

110	147	303
759	841	207
500	600	410

10. ਸੰਖਿਆਵਾਂ ਨੂੰ ਅੰਕਾਂ ਵਿੱਚ ਲਿਖੋ :-

ਇਕ ਸੌ ਅੱਠ	ਦੋ ਸੌ ਇੱਕਵੰਜਾ	ਤਿੰਨ ਸੌ ਪੰਜਾਸੀ
ਚਾਰ ਸੌ ਸੱਤਰ	ਪੰਜ ਸੌ ਉਣਾਸੀ	ਛੇ ਸੌ ਤਰਤਾਲ਼ੀ
ਨੌਂ ਸੌ ਸੋਲ਼ਾਂ	ਸੱਤ ਸੌ ਪੰਤਾਲ਼ੀ	ਅੱਠ ਸੌ ਉਣੰਜਾ

ਪ੍ਰਯੋਗੀ ਕਿਰਿਆ

ਉਦੇਸ਼ : ਬੱਚਿਆਂ ਨੂੰ ਖੇਡ-ਖੇਡ ਵਿੱਚ ਸਥਾਨਕ ਮੁੱਲ ਦੀ ਜਾਣਕਾਰੀ ਦੇਣਾ।

ਸਮੱਗਰੀ : 0 ਤੋਂ 9, 10, 20......90, 100, 200......900 ਦੇ ਮਾਨ ਕਾਰਡ।

ਵਿਧੀ :

1. ਕੋਈ ਤਿੰਨ ਅੰਕੀ ਸੰਖਿਆ ਬੋਲੋ ਅਤੇ ਬੱਚਿਆਂ ਨੂੰ ਮਾਨ ਕਾਰਡ ਨਾਲ ਸੰਖਿਆ ਬਨਾਉਣ ਨੂੰ ਕਹੋ।

1	4	7	10	40	70	100	400	700
2	5	8	20	50	80	200	500	800
3	6	9	30	60	90	300	600	900

2. ਜਿਹੜਾ ਬੱਚਾ ਪਹਿਲਾਂ ਠੀਕ ਸੰਖਿਆ ਬਣਾਏ ਤਾਂ ਉਸ ਸੰਖਿਆ ਦੇ ਤਿੰਨੋ ਕਾਰਡ 3 ਬੱਚਿਆਂ ਨੂੰ ਦਿਓ। ਜਿਵੇਂ ਕਿ : 375



3. ਸੰਖਿਆ 375 ਵਿੱਚ ਅੰਕ 7 ਦਾ ਸਥਾਨਕ ਮੁੱਲ ਪੁੱਛਣਾ – 70

4. ਸੰਖਿਆ 375 ਵਿੱਚ ਅੰਕ 5 ਦਾ ਸਥਾਨਕ ਮੁੱਲ ਪੁੱਛਣਾ – 5

5. ਸੰਖਿਆ375 ਵਿੱਚ ਅੰਕ 3 ਦਾ ਸਥਾਨਕ ਮੁੱਲ ਪੁੱਛਣਾ – 300

ਸਥਾਨਕ ਮੁੱਲ

ਇਕਾਈ		
ਸੈਂਕੜੇ	ਦਹਾਈਆਂ	ਇਕਾਈਆਂ
2	4	6



2 ਸੈਂਕੜੇ 4 ਦਹਾਈਆਂ 6 ਇਕਾਈਆਂ

→ 6 ਇਕਾਈਆਂ = 6 × 1 = 6
→ 4 ਦਹਾਈਆਂ = 4 × 10 = 40
→ 2 ਸੈਂਕੜੇ = 2 × 100 = 200

ਸੰਖਿਆ ਵਿੱਚ ਅੰਕਾਂ ਦੇ ਸਥਾਨ ਤੋਂ ਉਸਦੇ ਸਥਾਨਕ ਮੁੱਲ ਦਾ ਪਤਾ ਚਲਦਾ ਹੈ।

4(3)5

ਸੈਂਕੜੇ	ਦਹਾਈਆਂ	ਇਕਾਈਆਂ
4	3	5

→ 3 ਦਹਾਈਆਂ = 30

ਇੱਕੋ ਜਿਹੇ ਅੰਕਾਂ ਦਾ ਸਥਾਨਕ ਮੁੱਲ ਵੱਖ-ਵੱਖ ਹੋ ਸਕਦਾ ਹੈ।

6(3)(3)

ਸੈਂਕੜੇ	ਦਹਾਈਆਂ	ਇਕਾਈਆਂ
6	3	3

→ 3 ਇਕਾਈਆਂ = 3
→ 3 ਦਹਾਈਆਂ = 30

ਸੱਜੇ ਤੋਂ ਖੱਬੇ ਇੱਕ ਕਦਮ ਜਾਂਦੇ ਹੋਏ ਸਥਾਨਕ ਮੁੱਲ 10 ਗੁਣਾ ਵੱਧ ਜਾਂਦਾ ਹੈ।

ਅੰਕ	ਸਥਾਨਕ ਮੁੱਲ
3	3 × 1 = 3
3	3 × 10 = 30
6	6 × 100 = 600

'0' ਦਾ ਸਥਾਨਕ ਮੁੱਲ ਹਮੇਸ਼ਾ 0 ਹੁੰਦਾ ਹੈ।

3(0)7

ਸੈਂਕੜੇ	ਦਹਾਈਆਂ	ਇਕਾਈਆਂ
3	0	7

→ 0 ਦਹਾਈਆਂ = 0

ਆਓ ਕਰੀਏ

ਸੰਖਿਆ ਵਿੱਚ ਚੱਕਰ ਵਾਲੇ ਅੰਕ ਦਾ ਸਥਾਨਕ ਮੁੱਲ ਪਤਾ ਕਰੋ :

(4) 1 5 =

ਸੈਂਕੜੇ	ਦਹਾਈਆਂ	ਇਕਾਈਆਂ
4	1	5

→ 4 ਸੈਂਕੜੇ = 4 × 100 = 400

5 0 (7) =

ਸੈਂਕੜੇ	ਦਹਾਈਆਂ	ਇਕਾਈਆਂ

6 (1) 0 =

ਸੈਂਕੜੇ	ਦਹਾਈਆਂ	ਇਕਾਈਆਂ

70(0) =

ਸੈਂਕੜੇ	ਦਹਾਈਆਂ	ਇਕਾਈਆਂ

(8) 4 7 =

ਸੈਂਕੜੇ	ਦਹਾਈਆਂ	ਇਕਾਈਆਂ

ਪ੍ਰਯੋਗੀ ਕਿਰਿਆ

ਖੇਡ-ਖੇਡ ਵਿੱਚ ਸਥਾਨਕ ਮੁੱਲ

ਉਦੇਸ਼ : ਸੰਖਿਆ ਵਿੱਚ ਅੰਕਾਂ ਦੇ ਸਥਾਨ ਬਦਲਣ ਨਾਲ਼ ਉਨ੍ਹਾਂ ਦਾ ਸਥਾਨਕ ਮੁੱਲ ਬਦਲ ਜਾਂਦਾ ਹੈ।

ਸਮੱਗਰੀ : ਪਾਸਾ (Dice), 0 ਤੋਂ 9 ਦੇ ਅੰਕਾਂ ਵਿੱਚੋਂ ਕੋਈ 6 ਅੰਕ, ਪੈਨਸਿਲ/ਪੈੱਨ ਅਤੇ ਸਥਾਨਕ ਮੁੱਲ ਚਾਰਟ।

ਵਿਧੀ : 1. ਅਧਿਆਪਕ ਜਮਾਤ ਵਿੱਚੋਂ ਤਿੰਨ ਬੱਚਿਆਂ ਨੂੰ ਅੱਗੇ ਬੁਲਾਏਗਾ। ਤਿੰਨੋ ਬੱਚੇ ਆਪਣੀ ਕਾਪੀ 'ਤੇ ਸਥਾਨਕ ਮੁੱਲ ਚਾਰਟ ਬਣਾਉਣਗੇ।

ਸੈਂਕੜੇ	ਦਹਾਈਆਂ	ਇਕਾਈਆਂ	ਸੈਂਕੜੇ	ਦਹਾਈਆਂ	ਇਕਾਈਆਂ	ਸੈਂਕੜੇ	ਦਹਾਈਆਂ	ਇਕਾਈਆਂ

ਤਰਲੀਨ ਪਰਨੀਤ ਰਸਲੀਨ

2. ਤਰਲੀਨ ਸਭ ਤੋਂ ਪਹਿਲਾਂ ਪਾਸਾ ਸੁੱਟੇਗੀ, ਪਾਸੇ ਤੇ ਜੋ ਅੰਕ ਆਵੇਗਾ, ਤਿੰਨੋ ਬੱਚੇ ਉਹ ਅੰਕ ਆਪਣੇ-ਆਪਣੇ ਸਥਾਨਕ ਮੁੱਲ ਚਾਰਟ ਦੇ ਕਿਸੇ ਵੀ ਸਥਾਨ 'ਤੇ ਆਪਣੀ ਮਰਜ਼ੀ ਅਨੁਸਾਰ ਲਿਖਣਗੇ। ਮੰਨ ਲਓ ਪਾਸਾ ਸੁੱਟਣ 'ਤੇ ਉੱਪਰਲਾ ਅੰਕ 6 ਆਇਆ।

ਸੈਂਕੜੇ	ਦਹਾਈਆਂ	ਇਕਾਈਆਂ	ਸੈਂਕੜੇ	ਦਹਾਈਆਂ	ਇਕਾਈਆਂ	ਸੈਂਕੜੇ	ਦਹਾਈਆਂ	ਇਕਾਈਆਂ
	6		6					6

ਤਰਲੀਨ ਪਰਨੀਤ ਰਸਲੀਨ

3. ਦੂਜੀ ਵਾਰੀ ਪਰਨੀਤ ਪਾਸਾ ਸੁੱਟੇਗਾ, ਪਾਸੇ ਤੇ ਜੋ ਅੰਕ ਆਵੇਗਾ, ਤਿੰਨੋ ਬੱਚੇ ਉਹ ਅੰਕ ਆਪਣੇ-ਆਪਣੇ ਸਥਾਨਕ ਮੁੱਲ ਚਾਰਟ 'ਤੇ ਬਾਕੀ ਬਚਦੇ ਦੋ ਸਥਾਨਾਂ ਵਿੱਚ ਕਿਸੇ ਵੀ ਸਥਾਨ 'ਤੇ ਆਪਣੀ ਮਰਜ਼ੀ ਅਨੁਸਾਰ ਲਿਖਣਗੇ। ਮੰਨ ਲਓ ਹੁਣ ਪਾਸਾ ਸੁੱਟਣ 'ਤੇ ਉੱਪਰਲਾ ਅੰਕ 4 ਆਇਆ।

ਸੈਂਕੜੇ	ਦਹਾਈਆਂ	ਇਕਾਈਆਂ	ਸੈਂਕੜੇ	ਦਹਾਈਆਂ	ਇਕਾਈਆਂ	ਸੈਂਕੜੇ	ਦਹਾਈਆਂ	ਇਕਾਈਆਂ
	6	4	6	4		4		6

ਤਰਲੀਨ ਪਰਨੀਤ ਰਸਲੀਨ

4. ਤੀਜੀ ਵਾਰੀ ਰਸਲੀਨ ਪਾਸਾ ਸੁੱਟੇਗੀ, ਪਾਸੇ ਤੇ ਜੋ ਅੰਕ ਆਵੇਗਾ, ਤਿੰਨੋ ਬੱਚੇ ਉਹ ਅੰਕ ਆਪਣੇ-ਆਪਣੇ ਸਥਾਨਕ ਮੁੱਲ ਚਾਰਟ 'ਤੇ ਬਾਕੀ ਬਚਦੇ ਖ਼ਾਨੇ ਵਿੱਚ ਲਿਖਣਗੇ। ਮੰਨ ਲਓ ਹੁਣ ਪਾਸਾ ਸੁੱਟਣ 'ਤੇ ਉੱਪਰਲਾ ਅੰਕ 8 ਆਇਆ।



ਸੈਂਕੜੇ	ਦਹਾਈਆਂ	ਇਕਾਈਆਂ	ਸੈਂਕੜੇ	ਦਹਾਈਆਂ	ਇਕਾਈਆਂ	ਸੈਂਕੜੇ	ਦਹਾਈਆਂ	ਇਕਾਈਆਂ
8	6	4	6	4	8	4	8	6

ਤਰਲੀਨ ਪਰਨੀਤ ਰਸਲੀਨ

5. ਅਧਿਆਪਕ ਤਿੰਨੋਂ ਬੱਚਿਆਂ ਨੂੰ ਸਥਾਨਕ ਮੁੱਲ ਚਾਰਟ 'ਤੇ ਬਣੀ ਸੰਖਿਆ ਨੂੰ ਬਲੈਕਬੋਰਡ ਤੇ ਲਿਖਣ ਲਈ ਕਹਿਣਗੇ ਅਤੇ 8 ਦਾ ਸਥਾਨਕ ਮੁੱਲ ਪੁੱਛਣਗੇ

8 ਦਾ ਸਥਾਨਕ ਮੁੱਲ =

ਤਰਲੀਨ	ਪਰਨੀਤ	ਰਸਲੀਨ
800	8	80

6. ਅਧਿਆਪਕ ਇਨ੍ਹਾਂ 8, 6 ਅਤੇ 4 ਅੰਕਾਂ ਦੀ ਵਰਤੋਂ ਨਾਲ ਸਾਰੇ ਬੱਚਿਆਂ ਤੋਂ ਹੋਰ ਸੰਖਿਆਵਾਂ ਬਣਾਉਣ ਨੂੰ ਕਹਿਣਗੇ ਅਤੇ ਫਿਰ ਉਨ੍ਹਾਂ ਸੰਖਿਆਵਾਂ ਵਿੱਚੋਂ 8, 6 ਅਤੇ 4 ਦਾ ਸਥਾਨਕ ਮੁੱਲ ਪੁੱਛਣਗੇ।

ਆਓ ਸਿੱਖੀਏ

ਵਿਸਤ੍ਰਿਤ ਰੂਪ

ਵਿਸਤ੍ਰਿਤ ਰੂਪ ਵਿੱਚ ਲਿਖਣ ਲਈ ਹਰੇਕ ਅੰਕ ਦਾ ਸਥਾਨਕ ਮੁੱਲ ਪਤਾ ਕੀਤਾ ਜਾਂਦਾ ਹੈ। ਫਿਰ ਸੰਖਿਆ ਨੂੰ ਸਥਾਨਕ ਮੁੱਲਾਂ ਦੇ ਰੂਪ ਵਿੱਚ ਦਰਸਾਇਆ ਜਾਂਦਾ ਹੈ। ਉਦਾਹਰਨ ਲਈ 675 ਨੂੰ ਵਿਸਤ੍ਰਿਤ ਰੂਪ ਵਿੱਚ ਹੇਠ ਅਨੁਸਾਰ ਦਰਸਾਇਆ ਗਿਆ ਹੈ :

ਸੈਂਕੜੇ	ਦਹਾਈਆਂ	ਇਕਾਈਆਂ
6	7	5

5 ਇਕਾਈਆਂ = 5 ×1 = 5

7 ਦਹਾਈਆਂ = 7 ×10 = 70

6 ਸੈਂਕੜੇ = 6 ×100 = 600

675 ਦਾ ਵਿਸਤ੍ਰਿਤ ਰੂਪ = 6 ਸੈਂਕੜੇ + 7 ਦਹਾਈਆਂ + 5 ਇਕਾਈਆਂ

675 ਦਾ ਵਿਸਤ੍ਰਿਤ ਰੂਪ = 600 + 70 + 5

ਪ੍ਰਯੋਗੀ ਕਿਰਿਆ

751 ਲਈ ਮਾਨ ਕਾਰਡ ਚੁੱਕੋ

1. ਇੱਕ ਬੱਚੇ ਨੂੰ 751 ਦੇ ਮਾਨ ਕਾਰਡ ਚੁੱਕਣ ਲਈ ਅੱਗੇ ਬੁਲਾਓ।
2. ਜੇ ਸੰਖਿਆ ਠੀਕ ਬਣਾਈ ਹੈ ਤਾਂ ਚੁੱਕੇ ਹੋਏ ਮਾਨ ਕਾਰਡ ਸਾਰੇ ਬੱਚਿਆਂ ਨੂੰ ਦਿਖਾਓ।
3. 751 = 700 + 50 + 1

ਸਿੱਖਣ ਦਾ ਤਰੀਕਾ

700
50
1

ਆਓ ਕਰੀਏ

1. ਵਿਸਤ੍ਰਿਤ ਰੂਪ ਵਿੱਚ ਲਿਖੋ :

149	1	ਸੈਂਕੜੇ	4	ਦਹਾਈਆਂ	9	ਇਕਾਈਆਂ
270		ਸੈਂਕੜੇ		ਦਹਾਈਆਂ		ਇਕਾਈਆਂ
369		ਸੈਂਕੜੇ		ਦਹਾਈਆਂ		ਇਕਾਈਆਂ
402		ਸੈਂਕੜੇ		ਦਹਾਈਆਂ		ਇਕਾਈਆਂ
788		ਸੈਂਕੜੇ		ਦਹਾਈਆਂ		ਇਕਾਈਆਂ
818		ਸੈਂਕੜੇ		ਦਹਾਈਆਂ		ਇਕਾਈਆਂ

2. ਹੇਠਾਂ ਦਿੱਤੀਆਂ ਸੰਖਿਆਵਾਂ ਦਾ ਵਿਸਤ੍ਰਿਤ ਰੂਪ ਲਿਖੋ :

413 = 400 + 10 + 3

507 = ☐ + ☐ + ☐

700 = ☐ + ☐ + ☐

210 = ☐ + ☐ + ☐

118 = ☐ + ☐ + ☐

662 = ☐ + ☐ + ☐

3. ਵਿਸਤ੍ਰਿਤ ਰੂਪ ਤੋਂ ਸੰਖਿਆ ਲਿਖੋ :

100 + 60 + 2 = 162

300 + 7 = ☐

400 + 10 = ☐

100 + 40 = ☐

800 + 60 = ☐

600 + 50 + 8 = ☐

ਤਿੰਨ ਅੰਕੀ ਸੰਖਿਆਵਾਂ ਦੀ ਤੁਲਨਾ

98 — ਮੈਂ ਛੋਟੀ ਹਾਂ, ਮੇਰੇ ਕੋਲ 2 ਅੰਕ ਹਨ।

106 — ਮੈਂ ਵੱਡੀ ਹਾਂ, ਮੇਰੇ ਕੋਲ 3 ਅੰਕ ਹਨ।

98 < 106

ਜੇਕਰ ਕਿਸੇ ਸੰਖਿਆ ਦੇ ਅੰਕਾਂ ਦੀ ਗਿਣਤੀ ਦੂਸਰੀ ਸੰਖਿਆ ਦੇ ਅੰਕਾਂ ਦੀ ਗਿਣਤੀ ਤੋਂ ਵੱਧ ਹੋਵੇ ਤਾਂ ਵੱਧ ਅੰਕਾਂ ਵਾਲੀ ਸੰਖਿਆ ਵੱਡੀ ਹੁੰਦੀ ਹੈ।

383 — ਮੇਰੇ ਕੋਲ 3 ਸੈਂਕੜੇ ਹਨ।

421 — ਮੇਰੇ ਕੋਲ 4 ਸੈਂਕੜੇ ਹਨ।

383 < 421

ਸੈਂਕੜੇ	ਦਹਾਈਆਂ	ਇਕਾਈਆਂ
3	8	3

ਸੈਂਕੜੇ	ਦਹਾਈਆਂ	ਇਕਾਈਆਂ
4	2	1

ਜੇਕਰ ਦੋ ਸੰਖਿਆਵਾਂ ਦੇ ਅੰਕਾਂ ਦੀ ਗਿਣਤੀ ਬਰਾਬਰ ਹੋਵੇ ਤਾਂ ਅਸੀਂ ਸੈਂਕੜੇ ਦੇ ਸਥਾਨ ਵਾਲੇ ਅੰਕਾਂ ਦੀ ਤੁਲਨਾ ਕਰਾਂਗੇ। ਜਿਸਦਾ ਅੰਕ ਵੱਡਾ, ਉਹ ਸੰਖਿਆ ਵੱਡੀ ਹੋਵੇਗੀ।

575 — ਮੇਰੇ ਕੋਲ 7 ਦਹਾਈਆਂ

515 — ਮੇਰੇ ਕੋਲ 1 ਦਹਾਈ

ਸੈਂਕੜੇ	ਦਹਾਈਆਂ	ਇਕਾਈਆਂ
5	7	5

ਸੈਂਕੜੇ	ਦਹਾਈਆਂ	ਇਕਾਈਆਂ
5	1	5

575 > 515

ਜੇਕਰ ਦੋ ਸੰਖਿਆਵਾਂ ਦੇ ਸੈਂਕੜੇ ਦੇ ਸਥਾਨ ਵਾਲੇ ਅੰਕ ਬਰਾਬਰ ਹੋਣ ਤਾਂ ਦਹਾਈ ਦੇ ਸਥਾਨ ਵਾਲੇ ਅੰਕਾਂ ਦੀ ਤੁਲਨਾ ਕਰੋ। ਜਿਸਦਾ ਦਹਾਈ ਅੰਕ ਵੱਡਾ, ਉਹ ਸੰਖਿਆ ਵੱਡੀ ਹੋਵੇਗੀ।

ਮੇਰੇ ਕੋਲ 9 ਇਕਾਈਆਂ — 779

773 — ਮੇਰੇ ਕੋਲ 3 ਇਕਾਈਆਂ

ਸੈਂਕੜੇ	ਦਹਾਈਆਂ	ਇਕਾਈਆਂ
7	7	9

ਸੈਂਕੜੇ	ਦਹਾਈਆਂ	ਇਕਾਈਆਂ
7	7	3

779 > 773

ਜੇਕਰ ਦੋ ਸੰਖਿਆਵਾਂ ਦੇ ਸੈਂਕੜੇ ਅਤੇ ਦਹਾਈ ਵਾਲੇ ਸਥਾਨ ਦੇ ਅੰਕ ਬਰਾਬਰ ਹੋਣ ਤਾਂ ਇਕਾਈ ਦੇ ਸਥਾਨ ਵਾਲੇ ਅੰਕਾਂ ਦੀ ਤੁਲਨਾ ਕਰੋ। ਜਿਸਦਾ ਅੰਕ ਵੱਡਾ, ਉਹ ਸੰਖਿਆ ਵੱਡੀ ਹੋਵੇਗੀ।

307 307

ਸੈਂਕੜੇ	ਦਹਾਈਆਂ	ਇਕਾਈਆਂ
3	0	7

ਸੈਂਕੜੇ	ਦਹਾਈਆਂ	ਇਕਾਈਆਂ
3	0	7

307 = 307

ਜੇਕਰ ਦੋ ਸੰਖਿਆਵਾਂ ਦੇ ਸੈਂਕੜੇ, ਦਹਾਈ ਅਤੇ ਇਕਾਈ ਦੇ ਸਥਾਨ ਵਾਲੇ ਅੰਕ ਬਰਾਬਰ ਹੋਣ ਤਾਂ ਦੋਵੇਂ ਸੰਖਿਆਵਾਂ ਬਰਾਬਰ ਹੁੰਦੀਆਂ ਹਨ।

ਆਓ ਕਰੀਏ

1. ਖਾਲੀ ਖਾਨਿਆਂ ਵਿੱਚ >, < ਜਾਂ = ਦਾ ਚਿੰਨ੍ਹ ਭਰੋ :

125	☐	115	829	☐	819	333	☐	44
305	☐	315	440	☐	404	299	☐	399
205	☐	250	701	☐	710	390	☐	903
185	☐	185	500	☐	400	547	☐	547

2. ਛੋਟੀ ਸੰਖਿਆ ਨੂੰ ਛੋਟੀ ਮੱਛੀ ਵਿੱਚ ਅਤੇ ਵੱਡੀ ਸੰਖਿਆ ਨੂੰ ਵੱਡੀ ਮੱਛੀ ਦੇ ਚਿੱਤਰ ਵਿੱਚ ਲਿਖੋ :

246, 393	160, 259	415, 610
768, 566	908, 269	809, 980

3. ਸਭ ਤੋਂ ਛੋਟੀ ਸੰਖਿਆ ਨੂੰ ਛੋਟੀ ਮੱਛੀ ਦੇ ਚਿੱਤਰ ਵਿੱਚ ਅਤੇ ਸਭ ਤੋਂ ਵੱਡੀ ਸੰਖਿਆ ਨੂੰ ਵੱਡੀ ਮੱਛੀ ਦੇ ਚਿੱਤਰ ਵਿੱਚ ਲਿਖੋ :

700, 500, 900	480, 408, 840	271, 712, 721
629, 879, 389	584, 458, 845	999, 888, 777

ਆਓ ਸਿੱਖੀਏ

ਵੱਧਦਾ ਕ੍ਰਮ, ਘੱਟਦਾ ਕ੍ਰਮ

ਜਦੋਂ ਦਿੱਤੀਆਂ ਸੰਖਿਆਵਾਂ ਨੂੰ ਛੋਟੀ ਤੋਂ ਵੱਡੀ ਸੰਖਿਆ ਦੇ ਕ੍ਰਮ ਵਿੱਚ ਲਿਖਿਆ ਜਾਂਦਾ ਹੈ ਤਾਂ ਉਸਨੂੰ ਵੱਧਦਾ ਕ੍ਰਮ ਕਹਿੰਦੇ ਹਨ।

ਜਦੋਂ ਦਿੱਤੀਆਂ ਸੰਖਿਆਵਾਂ ਨੂੰ ਵੱਡੀ ਤੋਂ ਛੋਟੀ ਸੰਖਿਆ ਦੇ ਕ੍ਰਮ ਵਿੱਚ ਲਿਖਿਆ ਜਾਂਦਾ ਹੈ ਤਾਂ ਉਸਨੂੰ ਘੱਟਦਾ ਕ੍ਰਮ ਕਹਿੰਦੇ ਹਨ।

- ਛੋਟੀ ਤੋਂ ਵੱਡੀ ਸੰਖਿਆ ਦਾ ਕ੍ਰਮ ਮਤਲਬ ਵੱਧਦਾ ਕ੍ਰਮ
- ਵੱਡੀ ਤੋਂ ਛੋਟੀ ਸੰਖਿਆ ਦਾ ਕ੍ਰਮ ਮਤਲਬ ਘੱਟਦਾ ਕ੍ਰਮ

ਆਓ ਕਰੀਏ

1. ਵੱਧਦੇ ਕ੍ਰਮ ਵਿੱਚ ਲਿਖੋ :

200, 900, 600, 400, 100	100	200	400	600	900
322, 475, 715, 805, 605,					
169, 289, 359, 479, 539					
308, 820, 119, 426, 511					

2. ਘੱਟਦੇ ਕ੍ਰਮ ਵਿੱਚ ਲਿਖੋ :

715, 810, 418, 751, 690	
306, 422, 86, 673, 724	
972, 949, 740, 704, 384	
865, 764, 467, 359, 901	

3. ਵੱਧਦੇ ਕ੍ਰਮ ਵਿੱਚ ਲਿਖੋ :

575, 525, 700
....

331, 307, 340
....

403, 473, 440
....

721, 785, 716
....

202, 227, 222
....

175, 120, 150
....

4. ਘੱਟਦੇ ਕ੍ਰਮ ਵਿੱਚ ਲਿਖੋ :

515, 545, 520
....

107, 109, 103
....

206, 260, 216
....

407, 418, 435
....

515, 218, 337
....

928, 375, 357
....

ਵੱਖ- ਵੱਖ ਤਰੀਕਿਆਂ ਨਾਲ ਗਿਣਤੀ

2 ਦੀ ਛਾਲ

1	3	5	7	9	11	13	15
4	6	8					
7							

3 ਦੀ ਛਾਲ

2	5	8	11	14	17	20	23
4	7	10					
5	8						

5 ਦੀ ਛਾਲ

1	6	11	16	21	26	31	36
2	7	12					
4	9						

10 ਦੀ ਛਾਲ

2	12	22	32	42	52	62	72
6	16						
10							

ਪ੍ਰਯੋਗੀ ਕਿਰਿਆ

ਉਦੇਸ਼ : ਦਿੱਤੇ ਅੰਕਾਂ ਤੋਂ ਵੱਡੀ/ਛੋਟੀ ਤਿੰਨ ਅੰਕੀ ਸੰਖਿਆ ਬਨਾਉਣਾ।

ਸਮੱਗਰੀ : 0 ਤੋਂ 9 ਤੱਕ ਫਲੈਸ਼ ਕਾਰਡ

ਵਿਧੀ : 1. 0 ਤੋਂ 9 ਤੱਕ ਦੇ ਫਲੈਸ਼ ਕਾਰਡਾਂ ਨੂੰ ਮੇਜ਼ 'ਤੇ ਰੱਖੋ।

0	1	2	3	4	5	6	7	8	9

2. ਜਮਾਤ ਵਿੱਚੋਂ ਤਿੰਨ ਬੱਚਿਆਂ ਨੂੰ ਬੁਲਾ ਕੇ ਇੱਕ-ਇੱਕ ਕਾਰਡ ਚੁੱਕਣ ਲਈ ਕਹੋ।

2	3	5

3. ਹੁਣ ਤਿੰਨੋਂ ਬੱਚਿਆਂ ਨੂੰ ਤਿੰਨੋਂ ਅੰਕ ਮਿਲਾ ਕੇ ਛੋਟੀ ਸੰਖਿਆ ਬਨਾਉਣ ਲਈ ਕਹੋ।



2	3	5

4. ਇਹਨਾਂ ਅੰਕਾਂ ਨਾਲ ਵੱਡੀ ਸੰਖਿਆ ਬਨਾਉਣ ਲਈ ਕਹੋ।



5	3	2

5. ਹੁਣ ਸਾਰੀਆਂ ਸੰਖਿਆਵਾਂ ਬਨਾਉਣ ਲਈ ਕਹੋ।

2	3	5	2	5	3	3	2	5
5	2	3	3	5	2	5	3	2

6. ਪਗ 5 ਵਿੱਚ ਬਣੀਆਂ ਸੰਖਿਆਵਾਂ ਨੂੰ ਵੱਧਦੇ ਕ੍ਰਮ/ਘੱਟਦੇ ਕ੍ਰਮ ਵਿੱਚ ਲਿਖਣ ਲਈ ਕਹੋ।
7. ਸਾਰੀਆਂ ਸੰਖਿਆਵਾਂ ਨੂੰ ਸ਼ਬਦਾਂ ਵਿੱਚ ਲਿਖਣ ਲਈ ਕਹੋ।

ਅਧਿਆਪਕ ਸੰਕੇਤ :

- ਜੇ ਬੱਚਾ 0 ਦਾ ਫਲੈਸ਼ ਕਾਰਡ ਚੁੱਕੇ ਅਤੇ ਤਿੰਨ ਅੰਕੀ ਸੰਖਿਆ ਬਣਾਉਣ ਲਈ, ਸ਼ੁਰੂ ਵਿੱਚ '0' ਲਗਾਵੇ ਤਾਂ ਉਸ ਨੂੰ ਸਮਝਾਉਣਾ ਕਿ ਇਹ ਤਿੰਨ ਅੰਕੀ ਨਹੀਂ ਸਗੋਂ ਦੋ ਅੰਕੀ ਸੰਖਿਆ ਹੈ।
- ਦਿੱਤੇ ਦੋ ਅੰਕਾਂ ਨੂੰ ਦੁਹਰਾ ਕੇ ਤਿੰਨ ਅੰਕੀ ਵੱਡੀ ਅਤੇ ਛੋਟੀ ਸੰਖਿਆ ਵੀ ਬਣਾਈ ਜਾ ਸਕਦੀ ਹੈ, ਬਾਰੇ ਬੱਚਿਆਂ ਨੂੰ ਦੱਸੋ ਅਤੇ ਉਦਾਹਰਣਾਂ ਰਾਹੀਂ ਸਮਝਾਓ।

ਆਓ ਕਰੀਏ

1. ਤਿੰਨ ਅੰਕਾਂ ਦੀ ਛੋਟੀ ਤੋਂ ਛੋਟੀ ਸੰਖਿਆ ਬਣਾਓ:

(i) 8, 4, 2 (ii) 7, 2, 5 (iii) 1, 0, 8

(iv) 3, 8, 1 (v) 9, 6, 7 (vi) 7, 9, 8

2. ਤਿੰਨ ਅੰਕਾਂ ਦੀ ਵੱਡੀ ਤੋਂ ਵੱਡੀ ਸੰਖਿਆ ਬਣਾਓ:

(i) 6, 0, 2 (ii) 4, 1, 3 (iii) 5, 9, 7

3. ਅੰਕਾਂ ਨੂੰ ਦੁਹਰਾ ਕੇ ਤਿੰਨ ਅੰਕਾਂ ਦੀ ਸਭ ਤੋਂ ਵੱਡੀ ਸੰਖਿਆ ਬਣਾਓ:

(i) 5, 1 (ii) 8, 2 (iii) 5, 8

4. ਅੰਕਾਂ ਨੂੰ ਦੁਹਰਾ ਕੇ ਤਿੰਨ ਅੰਕਾਂ ਦੀ ਸਭ ਤੋਂ ਛੋਟੀ ਸੰਖਿਆ ਬਣਾਓ:

(i) 2, 5 (ii) 7, 6 (iii) 7, 2

5. ਸਹੀ ਜਵਾਬ 'ਤੇ ਚੱਕਰ ਲਗਾਓ:

3 ਸੈਂਕੜੇ + 2 ਇਕਾਈਆਂ	320	302
4 ਸੈਂਕੜੇ + 3 ਦਹਾਈਆਂ + 1 ਇਕਾਈ	431	413
2 ਸੈਂਕੜੇ + 7 ਦਹਾਈਆਂ	207	270

6. ਖਾਲੀ ਥਾਵਾਂ ਭਰੋ :-

2 ਅੰਕਾਂ ਦੀ ਛੋਟੀ ਤੋਂ ਛੋਟੀ ਸੰਖਿਆ ਤੋਂ ਬਿਲਕੁੱਲ ਪਹਿਲਾਂ .... ਸੰਖਿਆ ਹੈ।

2 ਅੰਕਾਂ ਦੀ ਵੱਡੀ ਤੋਂ ਵੱਡੀ ਸੰਖਿਆ ਤੋਂ ਬਿਲਕੁੱਲ ਪਹਿਲਾਂ .... ਸੰਖਿਆ ਹੈ।

3 ਅੰਕਾਂ ਦੀ ਛੋਟੀ ਤੋਂ ਛੋਟੀ ਸੰਖਿਆ ਤੋਂ ਬਿਲਕੁੱਲ ਬਾਅਦ .... ਸੰਖਿਆ ਹੈ।

3 ਅੰਕਾਂ ਦੀ ਵੱਡੀ ਤੋਂ ਵੱਡੀ ਸੰਖਿਆ ਤੋਂ ਬਿਲਕੁੱਲ ਬਾਅਦ .... ਸੰਖਿਆ ਹੈ।

7. ਤਿੰਨ ਅੰਕੀ ਸੰਖਿਆ ਬਣਾਓ :-

ਜਿਸਦਾ ਦਹਾਈ ਦਾ ਅੰਕ 6 ਹੋਵੇ, ਇਕਾਈ ਦਾ ਅੰਕ 7 ਤੋਂ 2 ਵੱਧ ਹੋਵੇ, ਅਤੇ ਸੌ ਦੇ ਸਥਾਨ ਦਾ ਅੰਕ 4 ਅਤੇ 6 ਦੇ ਵਿਚਕਾਰ ਹੋਵੇ। ☐

ਵਰਕਸ਼ੀਟ

1. ਕਰੰਸੀ ਨੋਟਾਂ ਦੁਆਰਾ ਦੱਸੀ ਸੰਖਿਆ ਨੂੰ ਅੰਕਾਂ ਅਤੇ ਸ਼ਬਦਾਂ ਵਿੱਚ ਲਿਖੋ :

		ਅੰਕਾਂ ਵਿੱਚ	ਸ਼ਬਦਾਂ ਵਿੱਚ
	=		
	=		

2. ਸੰਖਿਆ ਨੂੰ ਗਿਣਤਾਰੇ 'ਤੇ ਦਿਖਾਓ :



589



306



140

3. ਸੋਚੋ, ਸਮਝੋ ਅਤੇ ਗਿਣਤੀ ਪੂਰੀ ਕਰੋ :

100 → 200 → ___ → ___ → ___

50 → 100 → ___ → ___ → ___

4. ਪੁੱਠੀ ਗਿਣਤੀ ਲਿਖੋ :

___ ← ___ ← ___ ← 308 ← 309

___ ← ___ ← ___ ← ___ ← 730

5. ਸੰਖਿਆ ਵਿੱਚ ਚੱਕਰ ਵਾਲੇ ਅੰਕ ਦਾ ਸਥਾਨਕ ਮੁੱਲ ਲਿਖੋ

6(9)2

ਸੈਂਕੜੇ	ਦਹਾਈਆਂ	ਇਕਾਈਆਂ

ਸਥਾਨਕ ਮੁੱਲ ______

7(5)0

ਸੈਂਕੜੇ	ਦਹਾਈਆਂ	ਇਕਾਈਆਂ

ਸਥਾਨਕ ਮੁੱਲ ______

6. ਸ਼ਬਦਾਂ ਵਿੱਚ ਲਿਖੋ :



7. ਅੰਕਾਂ ਵਿੱਚ ਲਿਖੋ :

8. ਵਿਸਤ੍ਰਿਤ ਰੂਪ ਵਿੱਚ ਲਿਖੋ :

863 = ________ + ________ + ________

787 = ________ + ________ + ________

416 = ☐ + ☐ + ☐   393 = ☐ + ☐ + ☐

9. ਸੰਖਿਆ ਬਣਾਓ :

200 + 10 + 4 = ☐ | 600 + 90 + 7 = ☐

10. ਗਿਣਤਾਰੇ 'ਤੇ ਦੱਸੀ ਸੰਖਿਆ ਅਨੁਸਾਰ ਸੰਖਿਆ ਨੂੰ ਅੰਕਾਂ ਅਤੇ ਸ਼ਬਦਾਂ ਵਿੱਚ ਲਿਖੋ :



ਅੰਕਾਂ ਵਿੱਚ = ...

ਸ਼ਬਦਾਂ ਵਿੱਚ = ...



ਅੰਕਾਂ ਵਿੱਚ = ...

ਸ਼ਬਦਾਂ ਵਿੱਚ = ...

11. 100-100 ਦੇ, 10-10 ਦੇ ਅਤੇ 1-1 ਦੇ ਕਿੰਨੇ ਨੋਟਾਂ ਤੋਂ ਸੰਖਿਆ 347 ਬਣਦੀ ਹੈ ?

12. 100-100 ਦੇ, 10-10 ਦੇ ਅਤੇ 1-1 ਦੇ ਕਿੰਨੇ ਨੋਟਾਂ ਤੋਂ ਸੰਖਿਆ 865 ਬਣਦੀ ਹੈ ?

ਯਾਦ ਰੱਖਣ ਯੋਗ ਗੱਲਾਂ

- ਇੱਕ ਅੰਕ ਦੀ ਛੋਟੀ ਤੋਂ ਛੋਟੀ ਸੰਖਿਆ = 1
- ਇੱਕ ਅੰਕ ਦੀ ਵੱਡੀ ਤੋਂ ਵੱਡੀ ਸੰਖਿਆ = 9
- ਦੋ ਅੰਕਾਂ ਦੀ ਛੋਟੀ ਤੋਂ ਛੋਟੀ ਸੰਖਿਆ = 10
- ਦੋ ਅੰਕਾਂ ਦੀ ਵੱਡੀ ਤੋਂ ਵੱਡੀ ਸੰਖਿਆ = 99
- ਤਿੰਨ ਅੰਕਾਂ ਦੀ ਛੋਟੀ ਤੋਂ ਛੋਟੀ ਸੰਖਿਆ = 100

ਅਸੀਂ ਜੋ ਸਿੱਖਿਆ

- ਸੰਖਿਆਵਾਂ
  - ਤਿੰਨ ਅੰਕੀ ਸੰਖਿਆ
    - ਇਕਾਈ, ਦਹਾਈ, ਸੈਂਕੜੇ ਦਾ ਗਿਆਨ
      - ਸਥਾਨਕ ਮੁੱਲ, ਵਿਸਤ੍ਰਿਤ ਰੂਪ
    - ਤੁਲਨਾ
      - ਵੱਧਦਾ ਕ੍ਰਮ, ਘੱਟਦਾ ਕ੍ਰਮ